Proceedings of the meeting of the Commission held on 31-08-2021 under the Chairmanship of Prof.Emanual Nahar, Chairman.

ਮੀਟਿੰਗ ਵਿੱਚ ਹੇਠ ਲਿਖੇ ਅਧਿਕਾਰੀ/ਮੈਂਬਰ ਸ਼ਾਮਲ ਹੋਏ:-

1. ਸ਼੍ਰੀ ਮੁਹੰਮਦ ਰਫੀ :ਸੀਨੀਅਰ ਵਾਈਸ-ਚੇਅਰਮੈਨ
2. ਸ਼੍ਰੀ ਹੰਸ ਰਾਜ :ਵਾਈਸ-ਚੇਅਰਮੈਨ
3. ਸ਼੍ਰੀ ਅਹਿਮਦ ਅੱਲੀ ਗੁੱਡੂ :ਮੈਂਬਰ
4. ਸ਼੍ਰੀ ਗੁਲਾਮ ਹੁਸੈਨ :ਮੈਂਬਰ
5. ਸ਼੍ਰੀ ਨਾਸਿਰ ਹਸਨ ਸਲਮਾਨੀ:ਮੈਂਬਰ
6. ਸ਼੍ਰੀ ਲਾਲ ਹੁਸੈਨ :ਮੈਂਬਰ
7. ਸ਼੍ਰੀ ਸਲਿਲ ਕੁਮਾਰ :ਮੈਂਬਰ
8. ਡਾ:ਸੁਭਾਸ਼ ਮਸੀਹ ਥੋਬਾ :ਮੈਂਬਰ

ਪੋ: ਇੰਮਾਨੂੰਏਲ ਨਾਹਰ, ਚੇਅਰਮੈਨ, ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੀ ਅਗਵਾਈ ਹੇਠ ਕਮਿਸ਼ਨ ਦੀ ਮੀਟਿੰਗ ਹੋਈ ਜਿਸ ਵਿੱਚ ਉਪਰੋਕਤ ਅਧਿਕਾਰੀ ਅਤੇ ਮੈਂਬਰ ਸ਼ਾਮਲ ਹੋਏ। ਚੇਅਰਮੈਨ ਜੀ ਵਲੋਂ ਮੀਟਿੰਗ ਵਿੱਚ ਸ਼ਾਮਲ ਹੋਏ ਅਧਿਕਾਰੀਆਂ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ ਅਤੇ ਮੀਟਿੰਗ ਵਿੱਚ ਅਜੰਡੇ ਅਨੁਸਾਰ ਮਾਮਲੇ ਵਿਚਾਰੇ ਗਏ।

**<u>Agenda Item No. 1</u>. Constitution of Separate Directorate of Minorities in Punjab at the Pattern of Andhra Pradesh Government:**

<u>PSMS, Resolution (Decision) dated 31-08-2021</u>

ਕਮਿਸ਼ਨ ਵਿਖੇ ਕਈ ਘੱਟ ਗਿਣਤੀ ਭਾਈਚਾਰੇ ਦੇ ਵਿਅਕਤੀਆਂ ਵਲੋਂ ਬੇਨਤੀਆਂ ਪ੍ਰਾਪਤ ਹੋਈਆਂ, ਜਿਨ੍ਹਾਂ ਵਿੱਚ ਉਨ੍ਹਾਂ ਨੇ ਲਿਖਿਆ ਸੀ ਕਿ ਆਂਧਰਾ ਪ੍ਰਦੇਸ਼ ਸਰਕਾਰ ਦੀ ਤਰਜ਼ 'ਤੇ ਘੱਟ ਗਿਣਤੀਆਂ ਦੀ ਭਲਾਈ ਲਈ ਸਾਰੀਆਂ ਘੱਟ ਗਿਣਤੀਆਂ ਨਾਲ ਸਬੰਧਤ ਯੋਜਨਾਵਾਂ ਨੂੰ ਸਹੀ ਢੰਗ ਨਾਲ ਲਾਗੂ ਕਰਨ ਦੀ ਨਿਗਰਾਨੀ ਕਰਨ ਲਈ ਇੱਕ ਵਖਰਾ **Directorate of Minorities in the State of Punjab** ਸਥਾਪਤ ਕੀਤਾ ਜਾਵੇ। ਮੀਟਿੰਗਵਿੱਚ ਸ਼ਾਮਲ ਸਮੂਹ ਅਹੁਦੇਦਾਰਾਂ /ਅਧਿਕਾਰੀਆਂ ਨੇ ਇਸ ਮਾਮਲੇ ਨੂੰ ਵਿਸਥਾਰਪੂਰਬਕ ਵਿਚਾਰਣ ਉਪਰੰਤ ਇਹ ਸੁਝਾ ਸਰਬਸੰਮਤੀ ਨਾਲ ਪਰਵਾਨ ਕੀਤਾ ਕਿ ਇਸ ਮਾਮਲੇ ਨੂੰ ਹਾਲਦੀ ਘੜੀ ਲੰਬਿਤ ਰੱਖ ਲਿਆ ਜਾਵੇ।

**<u>Agenda Item No. 2.</u>** Constitution of Punjab State Minorities Development and Finance Corporation on the Pattern of India.

<u>PSMS, Resolution (Decision) dated 31-08-2021</u>

ਕਮਿਸ਼ਨ ਨੂੰ ਕੁਝ ਮੈਂਬਰਾਂ ਅਤੇ ਹੋਰ ਸੁਮਦਾਇਆਂ ਤੋਂ ਇਹ ਸੁਝਾ ਪ੍ਰਾਪਤ ਹੋਏ ਸਨ ਕਿ ਘੱਟ ਗਿਣਤੀਆਂ ਦੀ ਭਲਾਈ ਲਈ ਪਛੜੀਆਂ ਸ਼੍ਰੇਣੀਆਂ ਅਤੇ ਵਿੱਤ ਨਿਗਮ ਤੋਂ ਇਲਾਵਾ ਭਾਰਤ ਸਰਕਾਰ ਦੇ ਪੈਟਰਨ 'ਤੇ ਪੰਜਾਬ ਰਾਜ ਘੱਟ ਗਿਣਤੀ, ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦਾ ਗਠਨ ਕੀਤਾ ਜਾਵੇ ਜੋ ਘੱਟ ਗਿਣਤੀ ਭਾਈਚਾਰੇ ਦੇ ਵਿਅਕਤੀਆਂ ਨੂੰ ਆਪਣੇ ਕੰਮ ਚਲਾਉਣ ਲਈ ਅਸਾਨ ਸ਼ਰਤਾਂ ਤੇ ਕਰਜਾ

ਮੁਹਈਆ ਕਰਵਾਵੇ। ਮੀਟਿੰਗ ਵਿੱਚ ਸ਼ਾਮਲ ਸਮੂਹ ਅਹੁਦੇਦਾਰਾਂ /ਅਧਿਕਾਰੀਆਂ ਨੇ ਇਸ ਮਾਮਲੇ ਨੂੰ ਵਿਸਥਾਰਪੂਰਬਕ ਵਿਚਾਰਣ ਉਪਰੰਤ ਇਹ ਸੁਝਾ ਸਰਬਸੰਮਤੀ ਨਾਲ ਪਰਵਾਨ ਕੀਤਾ ਕਿ ਪੰਜਾਬ ਸਰਕਾਰ ਦੁਆਰਾ ਪੰਜਾਬ ਰਾਜ ਲਈ BACKFINCO ਸਥਾਪਿਤ ਕੀਤੀ ਹੋਈ ਹੈ ਜੋ ਕਿ ਆਸਾਨ ਸ਼ਰਤਾਂ ਤੇ ਕਰਜਾ ਮੁਹਈਆ ਕਰਵਾਉਂਦੀ ਹੈ। ਇਸ ਲਈ ਇਸ ਮਾਮਲੇ ਨੂੰ ਲੰਭਿਤ ਰੱਖਣ ਦੀ ਪ੍ਰਵਾਨਗੀ ਦਿੱਤੀ ਗਈ ।

**Agenda Item No. 3.** Approval of the Annual Report of the Commission for the financial year 2020-21.

PSMS, Resolution (Decision) dated 31-08-2021

ਪੰਜਾਬ ਰਾਜ ਘੱਟ ਗਿਣਤੀਆਂ ਕਮਿਸ਼ਨ ਐਕਟ, 2012 (ਪੰਜਾਬ ਐਕਟ ਨੰਬਰ 13 ਆਫ 2013) ਦੇ ਸੈਕਸ਼ਨ 18 ਅਨੁਸਾਰ " The Commission shall prepare, in such Form and at such time , for each financial years, as may be prescribed, its annual report giving a true and full accounts of its activities during the previous financial year, along with its recommendations, and forward a copy thereof to the Government".

ਪੰਜਾਬ ਰਾਜ ਘੱਟ ਗਿਣਤੀਆਂ ਕਮਿਸ਼ਨ ਐਕਟ, 2012 (ਪੰਜਾਬ ਐਕਟ ਨੰਬਰ 13 ਆਫ 2013) ਅਨੁਸਾਰ ਕਮਿਸ਼ਨ ਦੁਆਰਾ ਵਿੱਤੀ ਸਾਲ 2020-2021 ਦੌਰਾਨ ਆਪਣੀਆਂ ਗਤੀਵਿੱਧੀਆਂ ਦਾ ਸਹੀ ਅਤੇ ਪੂਰਾ ਲੇਖਾ-ਜੋਖਾ ਦਿੰਦੇ ਹੋਏ ਸਿਫਾਰਸ਼ਾਂ ਦੇ ਨਾਲ ਆਪਣੀ ਸਲਾਨਾ ਰਿਪੋਰਟ ਤਿਆਰ ਕੀਤੀ ਸੀ ਜੋ ਕਿ ਕਮਿਸ਼ਨ ਦੀ ਮੀਟਿੰਗ ਵਿੱਚ ਵਿਚਾਰਨ ਉਪਰੰਤ ਸਰਬ ਸੰਮਤੀ ਨਾਲ ਕਮਿਸ਼ਨ ਦੁਆਰਾ ਇਸ ਰਿਪੋਰਟ ਨੂੰ ਪ੍ਰਵਾਨ ਕੀਤਾ ਗਿਆ।

Emanual Nahar

(ਪ੍ਰੋ:ਇਮਾਨੂੰਏਲ ਨਾਹਰ)
ਚੇਅਰਮੈਨ
ਪੰਜਾਬ ਰਾਜ ਘੱਟ ਗਿਣਤੀਆਂ ਕਮਿਸ਼ਨ